ਅਨੁਬੰਧ 'ਕ'

<u>ਭਾਰਤੀ ਰਿਜ਼ਰਵ ਬੈਂਕ ਦਾ ਅੰਤਰ ਬੈਂਕ ਹਿੰਦੀ ਲੇਖ ਮੁਕਾਬਲਾ –ਨਿਯਮ</u>

1. ਇਹ ਮੁਕਾਬਲਾ ਸਰਕਾਰੀ ਖੇਤਰ ਦੇ ਬੈਂਕਾਂ (ਉਹਨਾਂ ਵਲੋਂ ਪ੍ਰਯੋਜਿਤ ਖੇਤਰੀ ਰੂਰਲ ਬੈਂਕਾਂ ਸਮੇਤ), ਸਰਕਾਰੀ ਵਿੱਤੀ ਸੰਸਥਾਵਾਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਰੇ ਸੇਵਾਰਤ ਕਰਮਚਾਰੀਆਂ/ ਅਫਸਰਾਂ ਦੇ ਲਈ ਹੈ। <u>ਇਸ ਵਿੱਚ ਰਾਜਭਾਸ਼ਾ ਅਫਸਰ/ਅਨੁਵਾਦਕ ਭਾਗ ਨਹੀਂ ਲੈ ਸਕਦੇ।</u>

2. ਲੇਖ ਦੇ ਲਈ ਸ਼ਬਦਾਂ ਦੀ ਸੀਮਾ ਲਗਭਗ <u>3000-4000</u> ਤੱਕ ਰੱਖੀ ਗਈ ਹੈ। ਸ਼ਬਦਾਂ ਦੀ ਸੀਮਾ ਦਾ ਸਖ਼ਤਾਈ ਦੇ ਨਾਲ ਪਾਲਣ ਕੀਤਾ ਜਾਵੇਗਾ ਅਤੇ ਉਕਤ ਸੀਮਾ ਦੀ ਉਲੰਘਣਾ ਕਰਨ ਵਾਲੇ ਭਾਗੀਦਾਰ ਨੂੰ ਲੇਖ ਮੁਕਾਬਲੇ ਲਈ ਅਯੋਗ ਮੰਨਿਆ ਜਾਵੇਗਾ।
3. ਲੇਖ ਹਿੰਦੀ ਵਿੱਚ ਕੁਆਟਰੋ ਸਾਇਜ਼ (ਏ4) ਕਾਗਜ਼ ਉੱਤੇ ਇੱਕ ਪਾਸੇ ਟਾਇਪ ਕਿੱਤਾ ਹੋਣਾ ਚਾਹੀਦਾ ਹੈ। ਹਥੀਂ ਲਿਖੇ ਹੋਏ ਲੇਖ ਵੀ ਸ੍ਵੀਕ੍ਰਿਤ ਕੀਤੇ ਜਾਣਗੇ, ਬਸ਼ਰਤੇ ਓਹ ਸਾਫ-ਸਾਫ ਲਿਖੇ ਗਏ ਹੋਣ ਅਤੇ ਅਸਾਨੀ ਨਾਲ ਪੜ੍ਹੇ ਜਾਂ ਸਕਦੇ ਹੋਣ।
4. ਲੇਖ ਮਾਤ੍ਰਭਾਸ਼ਾ ਦੇ ਅਨੁਸਾਰ (i) ਹਿੰਦੀ ਭਾਸ਼ੀਆਂ (ii) ਮਰਾਠੀ, ਪੰਜਾਬੀ ਅਤੇ ਗੁਜਰਾਤੀ ਭਾਸ਼ੀਆਂ ਅਤੇ (iii) ਉਕਤ (i) ਅਤੇ (ii) ਨੂੰ ਸ਼ੱਡ ਕੇ ਬਾਕੀ ਗੈਰ ਹਿੰਦੀ ਭਾਸ਼ਾ-ਭਾਸ਼ੀਆਂ ਦੇ ਲਈ ਵੱਖ-ਵੱਖ ਆਯੋਜਿਤ ਕੀਤੀ ਜਾਵੇਗੀ। <u>ਭਾਗੀਦਾਰ ਦਿੱਤੇ ਹੋਏ ਤਿੰਨ ਵਿਸ਼ੇਆਂ ਵਿਚੋਂ ਆਪਣੀ ਪਸੰਦ ਦੇ ਕਿਸੀ ਇੱਕ ਵਿਸ਼ੇ ਉੱਤੇ ਲੇਖ ਭੇਜ ਸਕਦੇ ਹਨ।</u> ਹਰੇਕ ਵਰਗ ਵਿੱਚ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤੇ ਜਾਣਗੇ।
5. ਕਿਰਪਾ ਕਰਕੇ ਨੋਟ ਕਰੋ ਕਿ ਸਿਰਫ ਹਿੰਦੀ ਵਿੱਚ ਲਿਖੇ ਗਏ ਲੇਖ ਹੀ ਸ੍ਵੀਕ੍ਰਿਤ ਕੀਤੇ ਜਾਣਗੇ।
6. ਪਹਲੇ ਇਨਾਮ ਦੀ ਰਾਸ਼ੀ 11,000/- ਰੁਪਏ, ਦੂਜੇ ਇਨਾਮ ਦੀ ਰਾਸ਼ੀ 7000/- ਰੁਪਏ ਅਤੇ ਤੀਜੇ ਇਨਾਮ ਦੀ ਰਾਸ਼ੀ 5000/- ਰੁਪਏ ਹੈ।
7. ਮੁਕਾਬਲੇ ਦੇ ਨਤੀਜੇ ਦੀ ਸੂਚਨਾ ਬੈਂਕਾਂ ਦੇ ਪ੍ਰਧਾਨ ਦਫਤਰਾਂ ਨੂੰ ਹੀ ਦਿੱਤੀ ਜਾਵੇਗੀ ਅਤੇ ਓਹ ਹੀ ਆਪਣੇ ਸਾਰੇ ਸਟਾੱਫ ਮੈਂਬਰਾਂ ਨੂੰ ਨਤੀਜਿਆਂ ਤੋਂ ਵਾਕੀਫ਼ ਕਰਾਨਗੇ।
8. ਹਰੇਕ ਸਹਭਾਗੀ ਨੂੰ ਸੰਲਗਨ ਫਾਰਮ ਦੇ ਮੁਤਾਬਕ ਆਪਣੇ ਸੰਬੰਧਤ ਬੈਂਕ ਦੇ ਵਜੋਂ ਆਪਣੀ ਮਾਤ੍ਰਭਾਸ਼ਾ ਸੂਚਿਤ ਕਰਦੇ ਹੋਏ ਇਹ ਪ੍ਰਮਾਣ ਪੱਤਰ ਦੇਣਾ ਹੋਵੇਗਾ ਕਿ ਓਹਨਾਦਾ ਲੇਖ ਬੁਨਿਆਦੀ ਹੈ ਅਤੇ ਓਹਨਾਂਨੇ ਓਸਨੂੰ ਹੋਰ ਪੁਰਸਕਾਰਾਂ ਜਾਂ ਪਬਲਿਸ਼ਿੰਗ ਲਈ ਨਹੀਂ ਭੇਜਿਆ ਹੈ।
9. ਭਾਗੀਦਾਰ ਪਾਸੋਂ <u>ਲੇਖ ਦੇ ਉੱਤੇ ਕਿਤੇ ਵੀ ਨਾਂ, ਪਤਾ ਆਦਿ ਨਹੀਂ ਲਿਖਿਆ ਹੋਣਾ ਚਾਹੀਦਾ ਨਹੀਂ ਤੇ ਪ੍ਰਵਿਸ਼ਟੀ ਸ੍ਵੀਕ੍ਰਿਤ ਨਹੀਂ ਕੀਤੀ ਜਾਵੇਗੀ।</u>
10. ਲੇਖ ਉੱਤੇ ਕੋਟੇਸ਼ਨ ਆਦਿ ਦੇਣ ਸਮੇਂ ਸਤ੍ਰੋਤ ਦਾ ਉੱਲੇਖ ਕਰਨਾ ਜ਼ਰੂਰੀ ਹੋਵੇਗਾ।
11. ਤਿੰਨ ਵਰਿਆਂ ਤੱਕ ਲਗਾਤਾਰ ਇਨਾਮ ਪਾਣ ਵਾਲੇ ਵਯਕਤੀ ਨੂੰ ਚੌਥੇ ਸਾਲ ਇਨਾਮ ਨਾ ਦੇਕੇ ਇੱਕ ਉੱਤਮਤਾ ਪ੍ਰਮਾਣ ਪੱਤਰ ਦਿੱਤਾ ਜਾਵੇਗਾ। ਪੰਜਵੇ ਵਰ੍ਹੇ ਤੋਂ ਓਹ ਮੁਕਾਬਲੇ ਵਿੱਚ ਸਮਾਨ ਰੂਪ ਤੋਂ ਇਨਾਮ ਪਾਣ ਦਾ ਹਕਦਾਰ ਹੋਵੇਗਾ।
12. ਮੁਕਾਬਲੇ ਦੇ ਸੰਬੰਧ ਵਿੱਚ ਭਾਰਤੀ ਰਿਜ਼ਰਵ ਬੈਂਕ ਦਾ ਨਿਰਣਾ ਅੰਤਿਮ ਅਤੇ ਸਹਭਾਗੀਆਂ ਲਈ ਬਾਧਕਾਰੀ ਹੋਵੇਗਾ।

**13.** ਲੇਖ ਭੇਜਣ ਦੀ ਆਖਰੀ ਤਰੀਖ 30 ਨਵੰਬਰ 2016 (ਬੁਧਵਾਰ) ਹੈ।

14. ਮੁਕਾਬਲੇ ਵਿੱਚ ਭਾਗ ਲੈਣ ਵਾਲੇ ਅਫਸਰ/ ਕਰਮਚਾਰੀ ਆਪਣੇ ਲੇਖ ਸੰਬੰਧਤ ਸ਼ਾਖਾ/ ਵਿਭਾਗ ਦੇ ਮੁੱਖ ਅਫਸਰ ਦੇ ਪ੍ਰਮਾਨਣ ਦੇ ਨਾਲ ਸਿਧੇ ਹੇਠ ਲਿਖੇ ਪਤੇ ਉੱਤੇ ਭੇਜਣ :

    ਮਹਾਪ੍ਰਬੰਧਕ
    ਭਾਰਤੀ ਰਿਜ਼ਰਵ ਬੈਂਕ
    ਰਾਜਭਾਸ਼ਾ ਵਿਭਾਗ, ਕੇਂਦਰੀ ਦਫਤਰ
    ਸੀ-9, ਦੂਜੀ ਮੰਜ਼ਿਲ, ਬਾਂਦਰਾ ਕੁਰਲਾ ਸੰਕੁਲ,
    ਬਾਂਦਰਾ (ਪੂਰਬ), ਮੁੰਬਈ - ਸ400 051

15. ਮੁਕਾਬਲੇ ਦੇ ਜੇਤੂਆਂ ਨੂੰ ਰਿਜ਼ਰਵ ਬੈਂਕ ਦੇ ਵਾਰਸ਼ਕ ਰਾਜਭਾਸ਼ਾ ਇਨਾਮ ਵਿਤਰਣ ਫੰਕਸ਼ਨ ਦੇ ਮੌਕੇ ਤੇ ਪੁਰਸਕਰਿਤ ਕੀਤਾ ਜਾਵੇਗਾ ਅਤੇ ਫੰਕਸ਼ਨ ਵਿੱਚ ਸ਼ਾਮਿਲ ਹੋਣ ਵਾਲੇ ਜੇਤੂਆਂ ਨੂੰ ਸੰਬੰਧਤ ਬੈਂਕ ਡਯੂਟੀ ਤੇ ਮੰਨੇਗਾ।

16. ਪੁਰਸਕਰਿਤ ਲੇਖਾਂ ਉੱਤੇ ਭਾਰਤੀ ਰਿਜ਼ਰਵ ਬੈਂਕ ਦਾ ਕਾਪੀਰਾਈਟ ਹੋਵੇਗਾ। ਇਨਾਮ ਜੇਤੂ ਲੇਖ ਨੂੰ ਕਿਤੇ ਹੋਰ ਨਹੀਂ ਛਪਵਾਊਗਾ।

..............................................................................................................................